# ਵੈਸਟ ਟਾਰਨੈਟ ਸਟੇਸ਼ਨ

## ਅਸੀਂ ਵੈਸਟ ਟਾਰਨੈਟ ਸਟੇਸ਼ਨ ਬਣਾਉਣ ਜਾ ਰਹੇ ਹਾਂ, ਤਾਂ ਜੋ ਪੱਛਮੀ ਪਾਸੇ ਦੇ ਵੱਧ ਰਹੇ ਇਲਾਕਿਆਂ ਨੂੰ ਮੈਲਬੌਰਨ ਦੇ ਸਿਟੀ ਸੈਂਟਰ ਨਾਲ ਵਧੀਆ ਢੰਗ ਨਾਲ ਜੋੜਿਆ ਜਾ ਸਕੇ।

V/Line ਨੈੱਟਵਰਕ ਦੀ ਜੀਲੌਂਗ ਲਾਈਨ ‘ਤੇ ਬਣ ਰਹੀ ਇਹ ਮਹੱਤਵਪੂਰਨ ਨਵੀਂ ਪਬਲਿਕ ਟ੍ਰਾਂਸਪੋਰਟ ਕੜੀ ਲੀਕਸ ਅਤੇ ਡੇਵਿਸ ਰੋਡ ਦੇ ਕੋਨੇ ਨੇੜੇ ਸਥਿਤ ਹੋਵੇਗੀ।

ਇਹ ਡਿਜ਼ਾਈਨ ਇਹ ਯਕੀਨੀ ਬਣਾਉਂਦੇ ਹਨ ਕਿ ਇਹ ਖੇਤਰ ਭਵਿੱਖ ਦੇ ਰੇਲ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਰੇਲ ਲਾਈਨ ਦੇ ਦੋਵੇਂ ਪਾਸੇ ਸੰਭਾਵਿਤ ਵਿਕਾਸ ਅਤੇ ਯੋਜਨਾਬੱਧ ਸ਼ਹਿਰੀ ਵਿਕਾਸ ਲਈ ਤਿਆਰ ਹੋਵੇ।

ਇਸ ਨਵੇਂ ਸਟੇਸ਼ਨ ਵਿੱਚ ਚਾਰ-ਕਤਾਰਾਂ ਵਾਲਾ ਬੱਸ ਇੰਟਰਚੇਂਜ, 400 ਯਾਤਰੀਆਂ ਲਈ ਪਾਰਕਿੰਗ, ਅਤੇ ਸੁਵਿਧਾਜਨਕ ਪੈਦਲ ਯਾਤਰੀ ਅੰਡਰਪਾਸ ਸ਼ਾਮਲ ਹੋਵੇਗਾ।

ਇਸ ਸਟੇਸ਼ਨ ਡਿਜ਼ਾਈਨ ਵਿੱਚ ਸੁਆਗਤੀ ਅਤੇ ਚੰਗੀ ਰੋਸ਼ਨੀ ਵਾਲੀ ਜਗ੍ਹਾ, ਲੈਂਡਸਕੇਪਿੰਗ, ਬੈਠਕ ਵਾਲੀਆਂ ਥਾਵਾਂ, ਵੱਖ-ਵੱਖ ਪੈਦਲ ਅਤੇ ਸਾਈਕਲ ਲੇਨ, ਸਾਈਕਲ ਖੜ੍ਹਾਉਣ ਲਈ ਹੂਪਸ ਅਤੇ ਸੁਰੱਖਿਅਤ ਸਾਈਕਲ ਸਟੋਰੇਜ ਹੋਵੇਗੀ।

> **ਮੁੱਖ ਨਿਰਮਾਣ ਜਲਦੀ ਹੀ ਸ਼ੁਰੂ ਹੋਵੇਗਾ, ਅਤੇ ਇਹ ਨਵਾਂ ਸਟੇਸ਼ਨ 2026 ਵਿੱਚ ਭਾਈਚਾਰੇ ਲਈ ਖੁੱਲ੍ਹ ਜਾਵੇਗਾ।**

### ਅੰਤਿਮ ਡਿਜ਼ਾਈਨ ਵੇਖੋ ਅਤੇ ਜਾਣਕਾਰੀ ਸੈਸ਼ਨ ਵਿੱਚ ਭਾਗ ਲੈਣ ਲਈ ਰਜਿਸਟਰ ਕਰੋ

ਜਾਣੋ ਕਿ ਅਸੀਂ ਕਿਸ ਤਰੀਕੇ ਨਾਲ ਅਸੀਂ ਕਮਿਊਨਿਟੀ ਫੀਡਬੈਕ ਦੀ ਸਮੀਖਿਆ ਅਤੇ ਹੋਰ ਤਕਨੀਕੀ ਮੁਲਾਂਕਣ ਕਰਕੇ ਪ੍ਰੋਜੈਕਟ ਡਿਜ਼ਾਈਨਾਂ ਨੂੰ ਅੱਪਡੇਟ ਕੀਤਾ ਹੈ।

ਤੁਸੀਂ ਇਸ ਨਵੇਂ ਵੈਸਟ ਟਾਰਨੈਟ ਸਟੇਸ਼ਨ ਬਾਰੇ ਸਵਾਲ ਵੀ ਪੁੱਛ ਸਕਦੇ ਹੋ ਅਤੇ ਸਾਡੇ ਔਨਲਾਈਨ ਸ਼ਮੂਲੀਅਤ ਹੱਬ ‘ਤੇ ਆਉਣ ਵਾਲੇ ਕਮਿਊਨਿਟੀ ਜਾਣਕਾਰੀ ਸੈਸ਼ਨਾਂ ਬਾਰੇ ਹੋਰ ਜਾਣ ਸਕਦੇ ਹੋ।

ਹੋਰ ਜਾਣਕਾਰੀ ਲਈ, ਇਸ QR ਕੋਡ ਨੂੰ ਸਕੈਨ ਕਰੋ ਜਾਂ **engage.vic.gov.au/west-tarneit-station** ‘ਤੇ ਜਾਓ।




*ਉੱਤਰ-ਪੱਛਮ ਵੱਲ ਦੇਖਦੇ ਹੋਏ, ਸਟੇਸ਼ਨ ਵਿੱਚ ਦਾਖ਼ਲੇ ਦਾ ਦ੍ਰਿਸ਼। ਦ੍ਰਿਸ਼ ਵਿੱਚ ਵੱਡੇ ਹੋਏ ਦਰੱਖਤ ਅਤੇ ਬੂਟੇ ਦਿਖਾਏ ਗਏ ਹਨ। ਸਿਰਫ਼ ਕਲਾਤਮਕ ਚਿੱਤਰ, ਬਦਲ ਸਕਦਾ ਹੈ।*

# ਪ੍ਰੋਜੈਕਟ ਦੇ ਮੁੱਖ ਫ਼ਾਇਦੇ

ਨਵੇਂ ਵੈਸਟ ਟਾਰਨੈਟ ਸਟੇਸ਼ਨ ਦਾ ਡਿਜ਼ਾਈਨ ਅਤੇ ਵਿਸ਼ੇਸ਼ਤਾਵਾਂ ਕਈ ਤਰ੍ਹਾਂ ਦੇ ਫ਼ਾਇਦੇ ਪ੍ਰਦਾਨ ਕਰਨਗੀਆਂ।

ਸਥਾਨਕ ਨਿਵਾਸੀ ਇੱਕ **ਪਹੁੰਚਯੋਗ, ਆਧੁਨਿਕ ਅਤੇ ਸਵਾਗਤਯੋਗ ਸਟੇਸ਼ਨ** ਇਮਾਰਤ ਦਾ ਅਨੁਭਵ ਕਰਨਗੇ

ਟਾਰਨੈਟ ਅਤੇ ਮੈਲਬੌਰਨ ਦੇ ਬਾਹਰੀ ਪੱਛਮ ਦੀ ਵੱਧਦੀ ਆਬਾਦੀ ਲਈ **ਪਬਲਿਕ ਟ੍ਰਾਂਸਪੋਰਟ ਤੱਕ ਹੋਰ ਵਧੇਰੇ ਪਹੁੰਚ**

**ਸਥਾਨਕ ਭਾਈਚਾਰੇ ਲਈ ਕੇਂਦਰੀਕ੍ਰਿਤ ਬੱਸ** ਸੇਵਾਵਾਂ, ਜਿਸ ਲਈ ਨਵੇਂ ਬੱਸ ਇੰਟਰਚੇਂਜ ਦਾ ਪ੍ਰਬੰਧ ਸਟੇਸ਼ਨ 'ਤੇ ਕੀਤਾ ਜਾਵੇਗਾ

**ਲੈਂਡਸਕੇਪਡ ਸਟੇਸ਼ਨ ਇਮਾਰਤ** ਵਿੱਚ ਸਥਾਨਕ ਬੂਟੇ ਅਤੇ ਜੀਵ-ਜੰਤੂਆਂ ਦੀ ਝਲਕ, ਇਕੱਠੇ ਬੈਠਣ ਵਾਲੀਆਂ ਥਾਵਾਂ ਦੇ ਨਾਲ-ਨਾਲ ਪੀਣ ਵਾਲੇ ਪਾਣੀ ਵਾਲਾ ਫੁਹਾਰਾ ਵੀ ਹੋਵੇਗਾ

**ਇਮਾਰਤ ਵਿੱਚ ਪੈਦਲ ਚੱਲਣ ਅਤੇ ਸਾਈਕਲ ਚਲਾਉਣ ਲਈ** ਵੱਖ-ਵੱਖ ਮਾਰਗ, ਜੋ ਮੌਜੂਦਾ ਅਤੇ ਭਵਿੱਖ ਦੇ ਸਥਾਨਕ ਮਾਰਗਾਂ ਨਾਲ ਜੁੜਦੇ ਹਨ

**ਵਧੀਆ ਰੋਸ਼ਨੀ ਵਾਲਾ, ਪਹੁੰਚਯੋਗ ਪੈਦਲ ਯਾਤਰੀ** ਅੰਡਰਪਾਸ, ਜੋ ਰੇਲ ਲਾਈਨ ਦੇ ਹੇਠਾਂ ਹੋਵੇਗਾ, ਜਿਸ ਵਿੱਚ ਪਲੇਟਫਾਰਮਾਂ ਤੱਕ ਜਾਣ ਵਾਲੇ ਰੈਂਪ ਅਤੇ ਇਮਾਰਤ ਦੇ ਆਲੇ-ਦੁਆਲੇ ਸੁਵਿਧਾਜਨਕ **ਬੈਠਣ ਦੀਆਂ ਸਹੂਲਤਾਂ** ਹੋਣਗੀਆਂ।



*ਸਟੇਸ਼ਨ ਦਾ ਹਵਾਈ ਦ੍ਰਿਸ਼। ਸਿਰਫ਼ ਕਲਾਤਮਕ ਚਿੱਤਰ, ਬਦਲ ਸਕਦਾ ਹੈ।*

## ਨਿਰਮਾਣ ਸੰਬੰਧੀ ਅੱਪਡੇਟ

ਇਸ ਸਾਈਟ ਦੀ ਸਥਾਪਨਾ ਜੁਲਾਈ 2025 ਵਿੱਚ ਹੋਈ ਸੀ। ਅਸੀਂ ਅਸਥਾਈ ਸਾਈਟ ਤੱਕ ਪਹੁੰਚ ਲਈ ਸੜਕਾਂ ਬਣਾਈਆਂ ਹਨ, ਅਤੇ ਸਾਈਟ ਦਫ਼ਤਰ, ਕਰਮਚਾਰੀਆਂ ਲਈ ਪਾਰਕਿੰਗ ਅਤੇ ਸਟੋਰੇਜ ਖੇਤਰ ਤਿਆਰ ਕੀਤੇ ਹਨ। ਤੁਸੀਂ ਕੋਟੇਸਲੋਏ ਬੁਲੇਵਾਰਡ ਅਤੇ ਲੀਕਸ ਰੋਡ ਦੇ ਆਲੇ-ਦੁਆਲੇ ਟ੍ਰੈਫਿਕ ਦੀ ਗਤੀਵਿਧੀ ਵਿੱਚ ਬਦਲਾਅ ਵੀ ਵੇਖੋਗੇ।

ਮੁੱਖ ਨਿਰਮਾਣ ਜਲਦੀ ਹੀ ਸ਼ੁਰੂ ਹੋਵੇਗਾ। ਅਸੀਂ ਉਸਾਰੀ ਦੇ ਪ੍ਰਭਾਵਾਂ ਨੂੰ ਘੱਟ ਤੋਂ ਘੱਟ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ, ਜਿਵੇਂ ਕਿ ਸ਼ੋਰ-ਸ਼ਰਾਬਾ, ਧੂੜ ਅਤੇ ਧਮਕ।

ਮੁੱਖ ਨਿਰਮਾਣ ਵਿੱਚ ਵੱਡੇ ਪੱਧਰ ਦੇ ਕੰਮ ਸ਼ਾਮਲ ਹੋਣਗੇ, ਜਿਵੇਂ ਕਿ ਖੁਦਾਈ ਅਤੇ ਢਾਂਚਾ-ਨਿਰਮਾਣ, ਤਾਂ ਜੋ ਵੈਸਟ ਟਾਰਨੈਟ ਸਟੇਸ਼ਨ ਬਣਾਇਆ ਜਾ ਸਕੇ।

ਅਸੀਂ ਤੁਹਾਡੇ ਯਾਤਰਾ ਕਰਨ ਦੇ ਤਰੀਕੇ ਵਿੱਚ ਕਿਸੇ ਵੀ ਬਦਲਾਅ ਜਾਂ ਰੁਕਾਵਟਾਂ, ਦੇ ਨਾਲ-ਨਾਲ ਮੁੱਖ ਪ੍ਰੋਜੈਕਟ ਮੀਲ ਪੱਥਰਾਂ ਬਾਰੇ ਭਾਈਚਾਰੇ ਨੂੰ ਸੂਚਿਤ ਕਰਾਂਗੇ।

**ਜਦੋਂ 2026 ਵਿੱਚ ਮੁੱਖ ਨਿਰਮਾਣ ਪੂਰਾ ਹੋ ਜਾਵੇਗਾ, ਤਾਂ ਸਟੇਸ਼ਨ ਭਾਈਚਾਰੇ ਦੀ ਵਰਤੋਂ ਲਈ ਖੁੱਲ੍ਹ ਜਾਵੇਗਾ।**


ਲੈਵਲ ਕਰਾਸਿੰਗ ਰਿਮੂਵਲ ਪ੍ਰੋਜੈਕਟ ਦੁਆਰਾ ਪ੍ਰਦਾਨ ਕੀਤਾ ਗਿਆ

**levelcrossings.vic.gov.au**

contact@levelcrossings.vic.gov.au 'ਤੇ ਜਾਓ

ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਲਈ, ਕਿਰਪਾ ਕਰਕੇ 9209 0147 'ਤੇ ਫ਼ੋਨ ਕਰੋ

1800 105 105 (ਕਿਸੇ ਵੀ ਸਮੇਂ ਫ਼ੋਨ ਕਰੋ)

ਜੇਕਰ ਤੁਸੀਂ ਇਸ ਜਾਣਕਾਰੀ ਨੂੰ ਇੱਕ ਪਹੁੰਚਯੋਗ ਫਾਰਮੈਟ ਵਿੱਚ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ। ਜੇਕਰ ਤੁਹਾਨੂੰ ਸੁਣਨ ਜਾਂ ਬੋਲਣ ਦੀ ਕਮਜ਼ੋਰੀ ਦੇ ਕਾਰਨ ਸਹਾਇਤਾ ਦੀ ਲੋੜ ਹੈ, ਤਾਂ **relayservice.gov.au 'ਤੇ ਜਾਓ**

VICTORIA State Government

ਡਬਲਯੂਪੀਡੀ 12047